21.03.2026

ਸ਼ਹੀਦ ਪਰਿਵਾਰ ਫੰਡ

ਸਹਿਯੋਗੀਆਂ ਦੀ ਸੂਚੀ

Donation Eligible U/s 80G Income Tax

ਸਵਾਮੀ ਗੁਰਬਖਸ਼ ਰਾਏ, ਅੰਮ੍ਰਿਤਸਰ	4,100.00
R.No. 12887 To 12938 Dt. 19.03.26 ਤੱਕ	1,860.00
ਅੱਜ ਦਾ ਜੋੜ	5,960.00
ਪਿਛਲਾ ਜੋੜ	95,70,320.61
ਕੁਲ ਜੋੜ	95,76,280.61
ਇਸ ਰਾਸ਼ 73 ਪਰਿਵਾਰਾਂ ਨੂੰ ਦਿੱਤੀ ਰਕਮ	62,40,000.00
ਬਾਕੀ ਜੋੜ	33,36,280.61
ਯੂਨੀਅਨ ਬੈਂਕ 'ਚ ਫਿਕਸਡ ਡਿਪਾਜ਼ਿਟ-ਵਿਆਜ	2,66,58,613.70
10693 ਪਰਿਵਾਰਾਂ ਨੂੰ ਦਿੱਤੀ ਗਈ ਰਕਮ	19,84,94,900.00
ਕੁੱਲ ਰਕਮ	22,84,89,794.31

1. ਫੰਡ 4100 ਰੁਪਏ ਜਾਂ ਵੱਧ ਦੇਣ ਵਾਲਿਆਂ ਦੀ ਫੋਟੋ ਛਪੇਗੀ।
2. ਨਕਦ ਰਕਮ ਦਫਤਰ 'ਚ 12 ਤੋਂ 8 PM ਤਕ ਦਿਓ।
3. NEFT ਲਈ-ਯੂਨੀਅਨ ਬੈਂਕ ਆਫ ਇੰਡੀਆ, ਸਿਵਲ ਲਾਈਨਜ਼, ਜਲੰਧਰ। A/c. No. 308302010024188, IFSC Code: UBIN0530832.
4. ਰਕਮ ਟਰਾਂਸਫਰ ਕਰ ਕੇ 9872457650 'ਤੇ ਵ੍ਹਟਸਐਪ ਕਰੋ ਅਤੇ ਆਪਣਾ ਆਧਾਰ ਜਾਂ ਪੈਨ ਨੰਬਰ ਨਾਲ ਭੇਜੋ।

ਸਹਿਯੋਗ ਇੱਥੇ ਭੇਜੋ : ਸ਼ਹੀਦ ਪਰਿਵਾਰ ਫੰਡ
ਪੰਜਾਬ ਕੇਸਰੀ ਗਰੁੱਪ, ਸਿਵਲ ਲਾਈਨਜ਼, ਜਲੰਧਰ-144001

ਮਾਨ ਸਰਕਾਰ ਦਾ 'ਪੰਜਾਬ ਕੇਸਰੀ ਸਮੂਹ' 'ਤੇ ਹਮਲਾ ਲੋਕਤੰਤਰ ਲਈ ਵੱਡਾ ਖਤਰਾ : ਸ਼ਵੇਤ ਮਲਿਕ

ਸ੍ਰੀ ਵਿਜੇ ਚੋਪੜਾ ਨਾਲ ਚਰਚਾ ਕਰਦੇ ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ, ਨਾਲ ਹਨ ਰਾਕੇਸ਼ ਰਾਠੌਰ, ਰਾਜੇਸ਼ ਕਪੂਰ, ਰਮਨ ਪੱਬੀ ਤੇ ਹੋਰ। (ਠਾਕੁਰ)

ਜਲੰਧਰ, 20 ਮਾਰਚ (ਗੁਲਸ਼ਨ)-ਭਾਜਪਾ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 'ਪੰਜਾਬ ਕੇਸਰੀ' ਦੇ ਹੋਟਲ ਪਾਰਕ ਪਲਾਜ਼ਾ 'ਤੇ ਕੀਤੀ ਕਾਰਵਾਈ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ 'ਪੰਜਾਬ ਕੇਸਰੀ ਸਮੂਹ' ਨੇ ਹਮੇਸ਼ਾ ਹੀ ਨਿਡਰ ਪੱਤਰਕਾਰੀ ਕੀਤੀ ਹੈ।

ਪੰਜਾਬ ਵਿਚ ਐਮਰਜੈਂਸੀ ਦੌਰਾਨ ਅਤੇ ਅੱਤਵਾਦ ਦੇ ਕਾਲੇ ਦੌਰ ਵਿਚ ਵੀ 'ਪੰਜਾਬ ਕੇਸਰੀ' ਦੀ ਕਲਮ ਨਹੀਂ ਰੁਕੀ। ਇਸ ਦੌਰਾਨ ਲਾਲਾ ਜਗਤ ਨਾਰਾਇਣ ਜੀ ਅਤੇ ਰਮੇਸ਼ ਚੰਦਰ ਜੀ ਨੇ ਪੰਜਾਬ ਦੀ ਅਮਨ ਸ਼ਾਂਤੀ ਲਈ ਆਪਣੇ ਪ੍ਰਾਣ ਵੀ ਨਿਛਾਵਰ ਕਰ ਦਿੱਤੇ।

ਮਲਿਕ ਨੇ ਕਿਹਾ ਕਿ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਬਦਲਾਖੋਰੀ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਪਹਿਲਾਂ 'ਪੰਜਾਬ ਕੇਸਰੀ' ਦੀਆਂ ਪ੍ਰੈੱਸ ਸ਼ਾਖਾਵਾਂ 'ਤੇ ਰੇਡ ਕੀਤੀ। ਹੁਣ ਉਨ੍ਹਾਂ ਦੇ ਹੋਟਲ 'ਤੇ ਬਿਨਾਂ ਉਨ੍ਹਾਂ ਦਾ ਪੱਖ ਸੁਣੇ ਭੰਨਤੋੜ ਕੀਤੀ ਗਈ ਜੋ ਕਿ ਅਤਿ-ਨਿੰਦਣਯੋਗ ਹੈ। ਮਲਿਕ ਨੇ ਕਿਹਾ ਪੱਤਰਕਾਰੀ 'ਤੇ ਸਰਕਾਰੀ ਦਮਨ ਲੋਕਤੰਤਰ ਲਈ ਖਤਰਾ ਹੈ, ਜੋ ਸੱਚ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਕਰਦਾ ਹੈ। ਇਹ ਸੁਤੰਤਰ ਪੱਤਰਕਾਰੀ, ਪ੍ਰਗਟਾਵੇ ਦੀ ਆਜ਼ਾਦੀ ਅਤੇ ਨਾਗਰਿਕਾਂ ਦੇ ਸੂਚਨਾ ਦੇ ਅਧਿਕਾਰ 'ਤੇ ਸਿੱਧਾ ਹਮਲਾ ਹੈ। ਸੱਤਾਧਾਰੀ ਧਿਰ ਵੱਲੋਂ ਪੱਤਰਕਾਰਾਂ ਨੂੰ ਝੂਠੇ ਮੁਕੱਦਮਿਆਂ, ਧਮਕੀਆਂ ਨਾਲ ਡਰਾਉਣਾ ਤਾਨਾਸ਼ਾਹੀ ਦਾ ਸੰਕੇਤ ਹੈ, ਜਿਸ ਨੂੰ ਲੋਕਤੰਤਰ ਵਿਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਇਸ ਮੌਕੇ ਸੂਬਾ ਜਨਰਲ ਸਕੱਤਰ ਰਾਕੇਸ਼ ਰਾਠੌਰ, ਜ਼ਿਲਾ ਜਨਰਲ ਸਕੱਤਰ ਰਾਜੇਸ਼ ਕਪੂਰ, ਰਮਨ ਪੱਬੀ, ਸੰਨੀ ਸ਼ਰਮਾ, ਅਮਿਤ ਭਾਟੀਆ ਅਤੇ ਗੌਤਮ ਅਰੋੜਾ ਵੀ ਮੌਜੂਦ ਸਨ।

ਬਿਕਰਮ ਸਿੰਘ ਮਜੀਠੀਆ ਨੇ ਜਲੰਧਰ 'ਚ ਵਿਜੇ ਚੋਪੜਾ ਨਾਲ ਕੀਤੀ ਮੁਲਾਕਾਤ

ਜਲੰਧਰ : ਪੰਜਾਬ ਕੇਸਰੀ ਦਫ਼ਤਰ ਵਿਚ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਮੁੱਖ ਸੰਪਾਦਕ ਵਿਜੇ ਚੋਪੜਾ ਨਾਲ ਵਿਸ਼ੇਸ਼ ਮੁੱਦੇ 'ਤੇ ਗੱਲਬਾਤ ਕੀਤੀ।

ਡਰੱਗ ਨੈਕਸਸ 'ਤੇ ਮਾਨ ਦੀ ਚੁੱਪ 'ਤੇ ਪ੍ਰਤਾਪ ਬਾਜਵਾ ਨੇ ਉਠਾਏ ਸਵਾਲ

ਚੰਡੀਗੜ੍ਹ, 20 ਮਾਰਚ (ਅੰਕੁਰ)-ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਕੀਤਾ, ਜਦੋਂ ਨਾਰਕੋਟਿਕਸ ਕੰਟਰੋਲ ਬਿਊਰੋ ਨੇ 'ਆਪ' ਦੇ ਨੇਤਾ ਕਮਲ ਕੁਮਾਰ ਉਰਫ ਬੋਰੀ ਅਤੇ ਉਨ੍ਹਾਂ ਦੀ ਕੌਂਸਲਰ ਪਤਨੀ ਨੂੰ ਤਲਬ ਕੀਤਾ। ਬਾਜਵਾ ਨੇ ਕਿਹਾ ਕਿ ਇਹ ਘਟਨਾਕ੍ਰਮ ਸੱਤਾਧਾਰੀ ਪਾਰਟੀ ਦੇ ਵਰਕਰਾਂ ਦੇ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਡੂੰਘੇ ਸਬੰਧਾਂ ਨੂੰ ਉਜਾਗਰ ਕਰਦਾ ਹੈ।

ਬਾਜਵਾ ਨੇ ਤਰਨਤਾਰਨ ਵਿਚ 'ਆਪ' ਦੇ ਇਕ ਸਰਪੰਚ ਦੀ ਗ੍ਰਿਫਤਾਰੀ ਅਤੇ ਭਾਰੀ ਮਾਤਰਾ 'ਚ ਹੈਰੋਇਨ, ਮੈਥਾਮਫੇਟਾਮਾਈਨ ਅਤੇ ਅਫੀਮ ਦੀ ਬਰਾਮਦਗੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਵਿਚ ਨਸ਼ੇ ਦਾ ਨੈੱਟਵਰਕ ਕੇਵਲ ਕਾਨੂੰਨ-ਵਿਵਸਥਾ ਦਾ ਮਾਮਲਾ ਨਹੀਂ ਸਗੋਂ ਸਿਆਸੀ ਢਾਂਚੇ ਤੱਕ ਫੈਲ ਚੁੱਕਾ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਆਪਣੇ ਆਗੂਆਂ ਅਤੇ ਸਮਰਥਕਾਂ ਨੂੰ ਬਚਾਉਣ ਜਾਂ ਨਜ਼ਰਅੰਦਾਜ਼ ਕਰਨ 'ਚ ਲੱਗੀ ਹੈ, ਜਦਕਿ ਜਨਤਾ ਨੂੰ ਜਵਾਬਦੇਹੀ ਚਾਹੀਦੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਕਾਂਗਰਸ ਇਸ ਮੁੱਦੇ ਨੂੰ ਤਦ ਤੱਕ ਉਠਾਉਂਦੀ ਰਹੇਗੀ ਜਦੋਂ ਤੱਕ ਮੁਲਜ਼ਮਾਂ ਨੂੰ ਸਿਆਸੀ ਸਰਪ੍ਰਸਤੀ ਤੋਂ ਪੂਰੀ ਤਰ੍ਹਾਂ ਵੱਖ ਨਹੀਂ ਕੀਤਾ ਜਾਂਦਾ ਅਤੇ ਸਖ਼ਤ ਕਾਰਵਾਈ ਨਹੀਂ ਹੁੰਦੀ।

'ਪੰਜਾਬ ਕੇਸਰੀ ਗਰੁੱਪ' ਦੀ ਰਾਹਤ ਮੁਹਿੰਮ ਦਾ 924ਵਾਂ ਟਰੱਕ ਰਵਾਨਾ

'ਕਾਲੜਾ, ਸ਼ਰਮਾ ਤੇ ਮੱਕੜ ਪਰਿਵਾਰ' ਨੇ ਲੁਧਿਆਣਾ ਤੋਂ ਭਿਜਵਾਇਆ ਰਾਹਤ ਸਮੱਗਰੀ ਦਾ ਟਰੱਕ

'ਪੰਜਾਬ ਕੇਸਰੀ' ਪੱਤਰ ਸਮੂਹ ਵੱਲੋਂ ਚਲਾਈ ਜਾ ਰਹੀ ਰਾਹਤ ਮੁਹਿੰਮ ਦੇ ਤਹਿਤ ਹੜ੍ਹ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਰਾਹਤ ਸਮੱਗਰੀ ਦਾ ਇਕ ਟਰੱਕ 'ਕਾਲੜਾ, ਸ਼ਰਮਾ ਅਤੇ ਮੱਕੜ ਪਰਿਵਾਰ' ਲੁਧਿਆਣਾ ਵੱਲੋਂ ਭਿਜਵਾਇਆ ਗਿਆ। ਟਰੱਕ ਵਿਚ 225 ਪਰਿਵਾਰਾਂ ਲਈ ਰਜਾਈਆਂ ਸਨ।

ਤਸਵੀਰ ਵਿਚ ਟਰੱਕ ਰਵਾਨਾ ਕਰਦੇ 'ਪੰਜਾਬ ਕੇਸਰੀ' ਦੇ ਮੁੱਖ ਸੰਪਾਦਕ ਸ਼੍ਰੀ ਵਿਜੇ ਚੋਪੜਾ ਦੇ ਨਾਲ ਹਿਤੇਸ਼ ਗੁਪਤਾ, ਮਨੀਸ਼ ਸੂਦ, ਸੰਨੀ ਘਈ, ਬਲਦੇਵ ਰਾਜ ਕਾਲੜਾ, ਅੰਬਰੀਸ਼ ਸ਼ਰਮਾ (ਚੀਨੂੰ), ਅਭਿਨਵ ਕਾਲੜਾ, ਰਿਤੂ ਗਰੇਵਾਲ, ਆਦਿੱਤਿਆ ਸ਼ਰਮਾ, ਸੁਨੀਲ ਕਪੂਰ, ਰੋਹਿਤ ਦੱਤਾ, ਸੰਦੀਪ ਬਹਿਲ, ਰਾਧੀਸ਼ ਸਚਦੇਵਾ, ਰਾਜਿੰਦਰ ਸ਼ਰਮਾ ਅਤੇ ਵਰਿੰਦਰ ਸ਼ਰਮਾ। (ਰਾਕੇਸ਼)

ਤਖਤ ਸ੍ਰੀ ਦਮਦਮਾ ਸਾਹਿਬ ਰੇਲ ਪ੍ਰਾਜੈਕਟ ਨੂੰ ਮਿਲੀ ਰਫਤਾਰ

■ ਪੰਜ ਤਖਤਾਂ ਨੂੰ 1118 ਕਰੋੜ ਰੁਪਏ ਦੇ ਪ੍ਰਾਜੈਕਟ ਨਾਲ ਜੋੜਿਆ ਜਾਵੇਗਾ

ਮੀਡੀਆ ਨੂੰ ਸੰਬੋਧਨ ਕਰਦੇ ਹੋਏ ਕੇਂਦਰੀ ਮੰਤਰੀ ਰਵਨੀਤ ਬਿੱਟੂ ਅਤੇ ਹੋਰ। (ਮੀਤ)

ਬਠਿੰਡਾ/ਚੰਡੀਗੜ੍ਹ, 20 ਮਾਰਚ (ਵਰਮਾ, ਅੰਕੁਰ)-ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਤਖਤ ਸ੍ਰੀ ਦਮਦਮਾ ਸਾਹਿਬ ਨਾਲ ਸਬੰਧਤ ਮਹੱਤਵਪੂਰਨ ਰੇਲ ਪ੍ਰਾਜੈਕਟ ਬਾਰੇ ਇਕ ਵੱਡਾ ਐਲਾਨ ਕੀਤਾ।

ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ 'ਤੇ ਲਗਭਗ 1118 ਕਰੋੜ ਰੁਪਏ ਖਰਚ ਕੀਤੇ ਜਾਣਗੇ, ਜਦੋਂ ਕਿ ਕੁੱਲ ਲਾਗਤ 1330 ਕਰੋੜ ਰੁਪਏ ਤਕ ਪਹੁੰਚਣ ਦੀ ਉਮੀਦ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਜ਼ਿਲਾ ਪ੍ਰਸ਼ਾਸਨ ਨੂੰ ਸਿਰਫ ਜ਼ਮੀਨ ਪ੍ਰਾਪਤੀ ਲਈ 300 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਾਰੀ ਕੀਤੀ ਗਈ ਹੈ, ਜਿਸ ਨੂੰ ਡਿਪਟੀ ਕਮਿਸ਼ਨਰਾਂ ਰਾਹੀਂ ਸਬੰਧਤ ਅਧਿਕਾਰੀਆਂ ਨੂੰ ਭੇਜ ਦਿੱਤਾ ਗਿਆ ਹੈ।

ਬਿੱਟੂ ਨੇ ਕਿਹਾ ਕਿ ਇਹ ਰੇਲ ਲਾਈਨ ਨਾ ਸਿਰਫ ਧਾਰਮਿਕ ਯਾਤਰਾ ਲਈ ਸਗੋਂ ਪੰਜਾਬ ਦੀ ਆਰਥਿਕ ਤਰੱਕੀ ਲਈ ਵੀ ਇਕ ਗੇਮ-ਚੇਂਜਰ ਸਾਬਤ ਹੋਵੇਗੀ। ਇਹ ਪ੍ਰਾਜੈਕਟ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਪ੍ਰਮੁੱਖ ਧਾਰਮਿਕ ਅਤੇ ਵਪਾਰਕ ਕੇਂਦਰਾਂ ਨਾਲ ਜੋੜੇਗਾ। ਅੰਮ੍ਰਿਤਸਰ ਤੋਂ ਬੰਦਰਗਾਹਾਂ ਤਕ ਸਿੱਧੀ ਕਨੈਕਟੀਵਿਟੀ ਨਾਲ ਨਿਰਯਾਤ ਅਤੇ ਆਯਾਤ 'ਚ ਕਾਫੀ ਵਾਧਾ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਫਿਰੋਜ਼ਪੁਰ, ਮੱਖੂ, ਤਲਵੰਡੀ ਸਾਬੋ ਅਤੇ ਮਾਨਸਾ ਸਮੇਤ ਕਈ ਇਲਾਕਿਆਂ ਨੂੰ ਇਸ ਰੇਲ ਨੈੱਟਵਰਕ ਨਾਲ ਜੋੜਿਆ ਜਾ ਰਿਹਾ ਹੈ, ਜਿਸ ਨਾਲ ਆਵਾਜਾਈ ਅਤੇ ਵਪਾਰ ਦੋਵਾਂ ਨੂੰ ਹੁਲਾਰਾ ਮਿਲੇਗਾ। ਇਸ ਮੌਕੇ ਸੀਨੀਅਰ ਰੇਲਵੇ ਅਧਿਕਾਰੀ, ਡਵੀਜ਼ਨਲ ਰੇਲਵੇ ਮੈਨੇਜਰ (ਡੀ.ਆਰ.ਐੱਮ.), ਸੁਰੱਖਿਆ ਕਰਮਚਾਰੀ ਅਤੇ ਭਾਜਪਾ ਆਗੂ ਮੌਜੂਦ ਸਨ। ਇਨ੍ਹਾਂ 'ਚ ਜ਼ਿਲਾ ਭਾਜਪਾ ਪ੍ਰਧਾਨ ਸਰੂਪ ਚੰਦ ਸਿੰਗਲਾ, ਪੰਜਾਬ ਭਾਜਪਾ ਜਨਰਲ ਸਕੱਤਰ ਦਿਆਲ ਸਿੰਘ ਸੋਢੀ, ਗੁਰਪ੍ਰੀਤ ਸਿੰਘ ਮਲੂਕਾ ਅਤੇ ਰਾਜਕੁਮਾਰ ਨੰਬਰਦਾਰ ਸਮੇਤ ਹੋਰ ਵਰਕਰ ਸ਼ਾਮਲ ਸਨ।

ਮੇਰੇ ਐਲਾਨ ਪਿੱਛੋਂ ਹੀ ਮੁੱਖ ਮੰਤਰੀ ਨੇ ਰਾਜਸਥਾਨ ਤੋਂ ਪਾਣੀਆਂ ਦੀ ਰਾਇਲਟੀ ਮੰਗੀ : ਸੁਖਬੀਰ ਬਾਦਲ

■ ਕਿਸਾਨਾਂ ਦੇ ਆਲੂ ਸੜਕਾਂ 'ਤੇ ਰੁਲ ਰਹੇ ਨੇ, ਮੁੱਖ ਮੰਤਰੀ ਨੂੰ ਕੋਈ ਫਿਕਰ ਨਹੀਂ

ਸ਼ਾਹਕੋਟ ਰੈਲੀ ਦੌਰਾਨ ਸੁਖਬੀਰ ਸਿੰਘ ਬਾਦਲ ਨਾਲ ਹਲਕਾ ਇੰਚਾਰਜ ਬਚਿੱਤਰ ਸਿੰਘ ਕੋਹਾੜ ਤੇ ਹੋਰ।

ਸ਼ਾਹਕੋਟ, 20 ਮਾਰਚ (ਜ.ਬ.)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਦਰਿਆਈ ਪਾਣੀ ਰਾਜਸਥਾਨ ਨੂੰ ਦਿੱਤੇ ਜਾਣ ਦੇ ਮਾਮਲੇ ਵਿਚ ਹੁੰਦੇ ਅਨਿਆਂ ਪ੍ਰਤੀ ਹੁਣੇ-ਹੁਣੇ ਜਾਗੇ ਹਨ ਤੇ ਉਹ ਪਿਛਲੀ ਅਕਾਲੀ ਦਲ ਦੀ ਸਰਕਾਰ ਵੱਲੋਂ 2016 ਵਿਚ ਵਿਧਾਨ ਸਭਾ ਵਿਚ ਪਾਸ ਕੀਤੇ ਮਤੇ ਰਾਹੀਂ ਨਾ ਸਿਰਫ ਰਾਜਸਥਾਨ ਬਲਕਿ ਦਿੱਲੀ ਤੇ ਹਰਿਆਣਾ ਤੋਂ ਰਾਇਲਟੀ ਦੀ ਮੰਗ ਦੀ ਪੈਰਵੀ ਕਰਨ ਦੀ ਥਾਂ 'ਤੇ ਸਿਰਫ ਰਾਜਸਥਾਨ ਤੋਂ ਰਾਇਲਟੀ ਦੀ ਮੰਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੇਰੇ ਐਲਾਨ ਪਿੱਛੋਂ ਹੀ ਮੁੱਖ ਮੰਤਰੀ ਨੇ ਰਾਜਸਥਾਨ ਤੋਂ ਪਾਣੀਆਂ ਦੀ ਰਾਇਲਟੀ ਮੰਗੀ ਹੈ।

ਪਾਰਟੀ ਦੇ 'ਪੰਜਾਬ ਬਚਾਓ ਅਭਿਆਨ' ਦੇ ਤਹਿਤ ਹਲਕਾ ਇੰਚਾਰਜ ਬਚਿੱਤਰ ਸਿੰਘ ਕੋਹਾੜ ਨਾਲ ਇਕ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦੇ ਹੋਏ ਅਕਾਲੀ ਦਲ ਪ੍ਰਧਾਨ ਨੇ ਕਿਹਾ ਕਿ ਅਸੀਂ ਕਾਂਗਰਸ ਪਾਰਟੀ ਵੱਲੋਂ ਪੰਜਾਬ ਨਾਲ ਕੀਤੀ ਗਈ ਇਤਿਹਾਸਕ ਗਲਤੀ ਸੁਧਾਰਨ ਲਈ ਵਚਨਬੱਧ ਹਾਂ। ਉਨ੍ਹਾਂ ਸਾਡੀ ਨਦੀ ਦਾ ਅੱਧਾ ਪਾਣੀ ਰਾਜਸਥਾਨ ਨੂੰ ਦੇ ਦਿੱਤਾ, ਹੁਣ ਅਗਲੀ ਸਰਕਾਰ ਬਣਨ 'ਤੇ ਪਾਣੀ ਨੂੰ ਪੰਜਾਬ ਦੇ ਖੇਤਾਂ ਵੱਲ ਮੋੜ ਦਿੱਤਾ ਜਾਵੇਗਾ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬੀਆਂ ਦੀਆਂ ਸ਼ਿਕਾਇਤਾਂ ਦਾ ਹੱਲ ਕਰਨ ਦੀ ਬਜਾਏ ਧਿਆਨ ਭਟਕਾਉਣ ਦੀ ਰਾਜਨੀਤੀ ਵਿਚ ਲੱਗੇ ਹਨ। ਉਨ੍ਹਾਂ ਕਿਹਾ, 'ਆਲੂ ਉਗਾਉਣ ਵਾਲੇ ਕਿਸਾਨ ਆਪਣੀ ਫ਼ਸਲ ਸੜਕਾਂ 'ਤੇ ਸੁੱਟ ਰਹੇ ਹਨ, ਪਰ ਮੁੱਖ ਮੰਤਰੀ ਉਨ੍ਹਾਂ ਦੀ ਪ੍ਰੇਸ਼ਾਨੀ ਤੋਂ ਬੇਪ੍ਰਵਾਹ ਹਨ।' ਸੁਖਬੀਰ ਬਾਦਲ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦਾ ਕਹਿਣਾ ਹੈ ਕਿ 'ਆਪ' ਆਗੂ ਅਤੇ ਵਿਧਾਇਕ ਨਸ਼ੇ ਦੀ ਸਮੱਗਲਿੰਗ ਕਰ ਰਹੇ ਹਨ ਅਤੇ ਇੱਥੋਂ ਤੱਕ ਕਿ ਡਰੱਗ ਸਮੱਗਲਰਾਂ ਤੋਂ ਮਹੀਨਾ ਵੀ ਲੈ ਰਹੇ ਹਨ।

ਬਾਦਲ ਨੇ ਆਮ ਆਦਮੀ ਪਾਰਟੀ ਦੇ ਕਾਰਜਕਾਲ ਦੌਰਾਨ ਸੂਬੇ ਨੂੰ ਮਿਲੇ ਨਿਵੇਸ਼ 'ਤੇ ਝੂਠ ਬੋਲਣ ਲਈ ਮੁੱਖ ਮੰਤਰੀ ਦੀ ਨਿੰਦਾ ਕਰਦਿਆਂ ਕਿਹਾ ਕਿ ਭਗਵੰਤ ਮਾਨ ਨੇ ਪੰਜਾਬ ਨੂੰ ਪਿਛਲੇ 4 ਸਾਲਾਂ ਵਿਚ 1.50 ਲੱਖ ਕਰੋੜ ਰੁਪਏ ਦੇ ਨਿਵੇਸ਼ ਦਾ ਦਾਅਵਾ ਕੀਤਾ ਸੀ, ਜਦਕਿ ਆਰ.ਟੀ.ਆਈ. ਤੋਂ ਪਤਾ ਲੱਗਾ ਹੈ ਕਿ ਪੰਜਾਬ ਨੂੰ ਕੇਵਲ 2600 ਕਰੋੜ ਰੁਪਏ ਦਾ ਨਿਵੇਸ਼ ਮਿਲਿਆ ਹੈ।

ਬਾਡੀ ਬਿਲਡਰ ਵਰਿੰਦਰ ਘੁੰਮਣ ਦੀ ਮੌਤ ਦਾ ਮਾਮਲਾ

ਫੋਰਟਿਸ ਹਸਪਤਾਲ ਦੇ 4 ਡਾਕਟਰਾਂ 'ਤੇ ਲਾਪ੍ਰਵਾਹੀ ਦਾ ਕੇਸ ਦਰਜ

ਅੰਮ੍ਰਿਤਸਰ, 20 ਮਾਰਚ (ਸੰਜੀਵ)-ਮਸ਼ਹੂਰ ਬਾਡੀ ਬਿਲਡਰ ਵਰਿੰਦਰ ਘੁੰਮਣ ਦੀ ਮੌਤ ਦੇ ਮਾਮਲੇ 'ਚ ਪੁਲਸ ਨੇ ਫੋਰਟਿਸ ਹਸਪਤਾਲ ਦੇ 4 ਡਾਕਟਰਾਂ ਖਿਲਾਫ ਕੇਸ ਦਰਜ ਕੀਤਾ ਹੈ। ਦੋਸ਼ ਹੈ ਕਿ ਆਪ੍ਰੇਸ਼ਨ ਦੌਰਾਨ ਡਾਕਟਰੀ ਲਾਪ੍ਰਵਾਹੀ ਵਰਤੀ ਗਈ। 41 ਸਾਲਾ ਘੁੰਮਣ, ਜੋ ਇਕ ਵੈਜੀਟੇਰੀਅਨ ਬਾਡੀ ਬਿਲਡਰ ਅਤੇ ਅਭਿਨੇਤਾ ਵੀ ਸਨ, ਦੀ 9 ਅਕਤੂਬਰ 2025 ਨੂੰ ਮੋਢੇ ਦੇ ਆਪ੍ਰੇਸ਼ਨ ਦੌਰਾਨ ਮੌਤ ਹੋ ਗਈ ਸੀ। ਪਰਿਵਾਰ ਅਨੁਸਾਰ, ਉਹ ਆਪ੍ਰੇਸ਼ਨ ਤੋਂ ਪਹਿਲਾਂ ਪੂਰੀ ਤਰ੍ਹਾਂ ਸਾਧਾਰਨ ਸਨ ਅਤੇ ਖੁਦ ਚੱਲ ਕੇ ਆਪ੍ਰੇਸ਼ਨ ਥੀਏਟਰ ਤੱਕ ਗਏ ਸਨ, ਪਰ ਪ੍ਰਕਿਰਿਆ ਦੌਰਾਨ ਪ੍ਰੋਟੋਕਾਲ ਦੀ ਪਾਲਣਾ ਨਹੀਂ ਕੀਤੀ ਗਈ।

ਇਸ ਮਾਮਲੇ 'ਚ ਜਿਨ੍ਹਾਂ ਡਾਕਟਰਾਂ 'ਤੇ ਕਾਰਵਾਈ ਕੀਤੀ ਗਈ ਹੈ, ਉਨ੍ਹਾਂ 'ਚ ਆਰਥੋਪੈਡਿਕ ਸਰਜਨ ਡਾ. ਤਪੀਸ਼ ਸ਼ੁਕਲਾ, ਕੰਸਲਟੈਂਟ ਡਾ. ਅਲਕਾ ਤਿਵਾਰੀ, ਹੈੱਡ ਆਫ ਐਨੇਸਥੀਸੀਆ ਡਾ. ਰਾਜਿੰਦਰ ਕੌਰ ਅਤੇ ਡਾ. ਅਰੁਣ ਕੁਮਾਰ ਚੋਪੜਾ ਸ਼ਾਮਲ ਹਨ। ਵਰਣਨਯੋਗ ਹੈ ਕਿ ਮੌਤ ਤੋਂ ਬਾਅਦ 7 ਮੈਂਬਰੀ ਮੈਡੀਕਲ ਬੋਰਡ ਗਠਿਤ ਕੀਤਾ ਗਿਆ ਸੀ, ਜਿਸ ਨੇ ਮਾਮਲੇ ਦੀ ਜਾਂਚ ਕੀਤੀ। ਰਿਪੋਰਟ ਦੇ ਆਧਾਰ 'ਤੇ ਹੀ ਡਾਕਟਰਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਗਈ ਹੈ।

ਹਲਕਾ ਪੱਟੀ 'ਚ ਸੈਂਕੜੇ ਪੰਚ-ਸਰਪੰਚ ਤੇ ਜ਼ਿਲਾ ਪ੍ਰੀਸ਼ਦ ਮੈਂਬਰ ਅਕਾਲੀ ਦਲ 'ਚ ਸ਼ਾਮਲ

ਪੱਟੀ ਹਲਕੇ ਵਿਚ 'ਆਪ' ਤੇ ਹੋਰਨਾਂ ਪਾਰਟੀਆਂ ਦੇ ਆਗੂਆਂ ਦੀ ਸ਼ਮੂਲੀਅਤ ਮੌਕੇ ਸਟੇਜ 'ਤੇ ਬੈਠੇ ਹੋਏ ਸੁਖਬੀਰ ਬਾਦਲ ਨਾਲ ਵਿਰਸਾ ਸਿੰਘ ਵਲਟੋਹਾ ਤੇ ਹੋਰ।

ਤਰਨਤਾਰਨ/ਚੰਡੀਗੜ੍ਹ (ਰਮਨ, ਅਰਚਨਾ)-ਸ਼੍ਰੋਮਣੀ ਅਕਾਲੀ ਦਲ ਨੂੰ ਪੱਟੀ ਹਲਕੇ ਵਿਚ ਉਸ ਸਮੇਂ ਬਹੁਤ ਮਜ਼ਬੂਤੀ ਮਿਲੀ ਜਦੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ ਵਿਚ ਸੈਂਕੜੇ ਸਰਪੰਚ, ਪੰਚ ਅਤੇ ਜ਼ਿਲਾ ਪ੍ਰੀਸ਼ਦ, ਬਲਾਕ ਸਮਿਤੀ ਦੇ ਸੰਸਦ ਮੈਂਬਰ (ਮੈਂਬਰ) ਪਾਰਟੀ ਵਿਚ ਸ਼ਾਮਲ ਹੋ ਗਏ। ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਸ਼ੇਰੋਂ ਦੇ ਸਰਪੰਚ ਅਵਤਾਰ ਸਿੰਘ ਬਿੱਲਾ, ਜ਼ਿਲਾ ਪ੍ਰੀਸ਼ਦ ਮੈਂਬਰ ਦਰਸ਼ਨ ਕੌਰ ਅਤੇ ਰਮਨਦੀਪ ਕੌਰ ਤੋਂ ਇਲਾਵਾ ਹੋਰ ਸੈਂਕੜੇ ਚੁਣੇ ਹੋਏ ਮੈਂਬਰ ਆਪਣੇ ਸਮਰਥਕਾਂ ਨਾਲ ਪਾਰਟੀ ਵਿਚ ਸ਼ਾਮਲ ਹੋ ਗਏ। ਸ਼੍ਰੋਮਣੀ ਅਕਾਲੀ ਦਲ ਦੀਆਂ ਪਾਲਿਸੀਆਂ ਅਤੇ ਪ੍ਰੋਗਰਾਮਾਂ ਵਿਚ ਭਰੋਸਾ ਦਿਖਾਉਣ ਲਈ ਆਗੂਆਂ ਦਾ ਧੰਨਵਾਦ ਕਰਦਿਆਂ ਬਾਦਲ ਨੇ ਕਿਹਾ, 'ਇੰਨੇ ਘੱਟ ਸਮੇਂ ਵਿਚ ਹਜ਼ਾਰਾਂ ਲੋਕਾਂ ਦੇ ਇਕੱਠੇ ਹੋਣ ਤੋਂ ਇਹ ਪਤਾ ਚੱਲਦਾ ਹੈ ਕਿ ਲੋਕਾਂ ਵਿਚ ਖੇਤਰੀ ਪਾਰਟੀ ਪ੍ਰਤੀ ਕਿੰਨਾ ਉਤਸ਼ਾਹ ਹੈ।'

ਸੁਖਬੀਰ ਦੀ ਆਮਦ 'ਤੇ ਵਰਕਰਾਂ 'ਚ ਜੋਸ਼

ਜਲੰਧਰ, (ਜ.ਬ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅੱਜ ਜਦ ਸ਼ਾਹਕੋਟ ਰੈਲੀ 'ਚ ਜਾਣ ਤੋਂ ਪਹਿਲਾਂ ਸਥਾਨਕ ਇਕ ਹੋਟਲ ਪਹੁੰਚੇ ਤਾਂ ਉਥੇ ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਤੇ ਵਰਕਰਾਂ ਦੀ ਇੰਨੀ ਚਹਿਲ-ਪਹਿਲ ਸੀ, ਜਿੰਨੀ ਪਹਿਲਾਂ ਕਦੇ ਨਹੀਂ ਦੇਖੀ ਗਈ। ਸਾਰੇ ਵਰਕਰ ਤੇ ਲੀਡਰ ਉਨ੍ਹਾਂ ਦੀ ਇਕ ਝਲਕ ਪਾਉਣ ਲਈ ਉਤਾਵਲੇ ਹੋਏ ਪਏ ਸਨ। ਲੀਡਰਾਂ ਤੇ ਵਰਕਰਾਂ 'ਚ ਪੂਰਾ ਜੋਸ਼ ਸੀ। ਲੀਡਰ ਵੱਖ-ਵੱਖ ਪਾਰਟੀਆਂ ਦੇ ਆਗੂਆਂ ਦੀ ਅਕਾਲੀ ਦਲ 'ਚ ਪ੍ਰਧਾਨ ਦੀ ਹਾਜ਼ਰੀ 'ਚ ਸ਼ਮੂਲੀਅਤ ਕਰਵਾ ਰਹੇ ਸਨ। ਹੋਟਲ ਦੀ ਲਾਬੀ ਪੂਰੀ ਤਰ੍ਹਾਂ ਵਰਕਰਾਂ ਨਾਲ ਭਰੀ ਹੋਈ ਸੀ। 2017 ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਲੀਡਰ ਤੇ ਵਰਕਰ ਇੰਨੀ ਵੱਡੀ ਗਿਣਤੀ 'ਚ ਪਹੁੰਚੇ ਸਨ। ਇਸ ਤੋਂ ਪਹਿਲਾਂ ਕਦੇ ਅਜਿਹਾ ਮਾਹੌਲ ਨਹੀਂ ਵੇਖਿਆ ਤੇ ਇਹ ਮਾਹੌਲ 2007 ਤੋਂ ਪਹਿਲਾਂ ਵਰਗਾ ਲੱਗ ਰਿਹਾ ਸੀ। ਸੁਖਬੀਰ ਬਾਦਲ ਵਰਕਰਾਂ ਦੇ ਜੋਸ਼ ਨੂੰ ਵੇਖਕੇ ਖੁਸ਼ ਨਜ਼ਰ ਆ ਰਹੇ ਸਨ ਤੇ ਕਹਿ ਰਹੇ ਸਨ ਕਿ ਤੁਹਾਡੀ ਸਰਕਾਰ ਆਉਣ 'ਚ ਹੁਣ 6-7 ਮਹੀਨੇ ਰਹਿ ਗਏ ਹਨ ਤੇ ਫਿਰ ਸਭ ਦੀ ਬੱਲੇ-ਬੱਲੇ ਹੋਵੇਗੀ।

pnb ਪੰਜਾਬ ਨੈਸ਼ਨਲ ਬੈਂਕ ...ਬਿਹਤਰੀ ਲਈ ਇਕਜੁੱਟ

ਐਸੇਟ ਰਿਕਵਰੀ ਮੈਨੇਜਮੈਂਟ ਬ੍ਰਾਂਚ, ਲੁਧਿਆਣਾ
ਸਾਈਟ ਨੰ. 5, ਫਿਰੋਜ਼ਪੁਰ ਰੋਡ, ਲੁਧਿਆਣਾ, ਮੋਬ. ਨੰ. +91-90684-51057, +91-93045-09813, ਈ-ਮੇਲ ਆਈ. ਡੀ. : cs4540@pnb.bank.in

ਚੱਲ/ਅਚੱਲ ਜਾਇਦਾਦ (*) ਦੀ ਵਿਕਰੀ ਲਈ ਈ-ਨਿਲਾਮੀ ਵਾਸਤੇ ਪਬਲਿਕ ਨੋਟਿਸ

ਸਰਫੇਸੀ ਐਕਟ 2002 ਦੇ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ-6 ਤੇ 9 ਨਾਲ ਪੜ੍ਹੇ ਜਾਂਦੇ ਰੂਲ-6(2) ਤੇ 8(6) ਤਹਿਤ ਆਮ ਜਨਤਾ ਨੂੰ 15 ਦਿਨਾ ਵਿਧਾਨਕ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਵਿਕਰੀ ਵੈੱਬਸਾਈਟ 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ ਲੜੀ ਨੰ. 1 ਤੋਂ 3 ਲਈ 07.04.2026 ਨੂੰ ਅਤੇ ਲੜੀ ਨੰ. 4 ਲਈ 15.04.2026 ਨੂੰ ਸਵੇਰੇ 11 ਤੋਂ ਸ਼ਾਮ 4 ਵਜੇ ਤਕ ਕੀਤੀ ਜਾਵੇਗੀ

ਜਾਇਦਾਦਾਂ ਦੀ ਜਾਂਚ ਦੀ ਮਿਤੀ 03.04.2026 ਤਕ ਸਵੇਰੇ 11.00 ਤੋਂ ਸ਼ਾਮ 5.00 ਵਜੇ

https://baanknet.com · support.BAANKNET@psballiance.com

ਸਕਿਓਰਡ ਅਸਾਮੀਆਂ ਦਾ ਸ਼ਡਿਊਲ

ਲੜੀ ਨੰ.	ਖਾਤੇ ਦਾ ਨਾਂ / ਸੰਪਰਕ	ਜਾਇਦਾਦ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ / ਬਕਾਇਆ / ਕਬਜ਼ੇ ਦੀ ਮਿਤੀ	ਰਾਖਵੀਂ ਕੀਮਤ / ਈ.ਐੱਮ.ਡੀ. / ਬੋਲੀ ਵਾਧਾ ਰਾਸ਼ੀ	ਸਕਿਓਰਡ ਕ੍ਰੈਡਿਟਰ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ
1.	PUNB45400010207 / 9996420911	[illegible]	29.11.2013 / 82,94,019 ਰੁਪਏ 30.09.2013 ਨੂੰ / 16.09.2014 ਦਸਤੀ ਕਬਜ਼ਾ	ਰੁ. 1,10,00,000/- / ਰੁ. 11,00,000/- / ਰੁ. 1,00,000/-	[illegible]
2.	PUNB4QZ27257182 / 98153 75871	[illegible]	29.10.2022 / 04.02.2023 ਸੰਕੇਤਕ ਕਬਜ਼ਾ	ਰੁ. 16,15,000/- / ਰੁ. 1,61,500/- / ਰੁ. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
3.	PUNB00026 / 93045-09813	[illegible]	14.07.2016 / 21.10.2016 ਸੰਕੇਤਕ ਕਬਜ਼ਾ	ਰੁ. 70,00,000/- / ਰੁ. 7,00,000/- / ਰੁ. 50,000/-	ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ
4.	PUNB3541RAJTRAD / 78372-46267	[illegible]	31.01.2015 / 30.06.2015 ਦਸਤੀ ਕਬਜ਼ਾ	ਰੁ. 1,32,50,000/- / ਰੁ. 13,25,000/- / ਰੁ. 1,00,000/-	[illegible]

ਮਿਤੀ : 23.01.2026 · ਥਾਂ : ਲੁਧਿਆਣਾ · ਅਧਿਕਾਰਤ ਅਫਸਰ-ਪੰਜਾਬ ਨੈਸ਼ਨਲ ਬੈਂਕ

pnb ਪੰਜਾਬ ਨੈਸ਼ਨਲ ਬੈਂਕ ...ਬਿਹਤਰੀ ਲਈ ਇਕਜੁੱਟ

ਈ-ਮੇਲ : cs4540@pnb.bank.in

[ਰੂਲ-8(1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਕਰਜ਼ਦਾਰਾਂ/ਗਾਰੰਟਰਾਂ/ਮਾਰਟਗੇਜਰਾਂ ਦਾ ਨਾਂ	ਸਕਿਓਰਡ ਅਸਾਮੀਆਂ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ ਤੇ ਕਿਸਮ	ਹੇਠਾਂ ਦੱਸੀ ਮਿਤੀ ਨੂੰ ਬਕਾਇਆ ਰਕਮ
1. [illegible], ਲੁਧਿਆਣਾ-141008	ਜਾਇਦਾਦ/ਮਕਾਨ ਜਿਸ ਦਾ ਐੱਮ.ਸੀ. ਨੰਬਰ B-V-1133 (ਨਵਾਂ) ਅਤੇ B-IV-61 (ਪੁਰਾਣਾ) ਹੈ, [illegible]	13.03.2023	19.03.2026 ਦਸਤੀ ਕਬਜ਼ਾ	1,64,29,947.77 ਰੁ. 13.03.2023 ਨੂੰ 14.03.2023 ਤੋਂ ਕਾਂਟ੍ਰੈਕਚੂਅਲ ਰੇਟ 'ਤੇ ਅਗਲੇ ਵਿਆਜ ਸਮੇਤ ਜਮ੍ਹਾ ਹੋਰ ਖਰਚੇ ਅਤੇ ਇਤਫਾਕੀਆ ਹੋਏ ਚਾਰਜਿਜ਼।

ਮਿਤੀ : 19.03.2026 · ਸਥਾਨ : ਲੁਧਿਆਣਾ · ਅਧਿਕਾਰਤ ਅਫਸਰ